# <u>ਪੰਜਾਬ ਸਕੂਲ ਸਿੱਖਿਆ ਬੋਰਡ</u>

**(ਐਫੀਲੀਏਸ਼ਨ ਸ਼ਾਖਾ)**

ਰਜਿਸਟਰਡ

ਵੱਲ:

ਪੰਜਾਬ ਰਾਜ ਦੇ ਸਮੂਹ
ਐਫੀਲੀਏਟਿਡ ਸੰਸਥਾਵਾਂ ਦੇ ਮੁੱਖੀ,
ਨੰਬਰ: ਪਸਸਬ-ਐਫੀ:2●●9/16●15-19●14
ਮਿਤੀ: ਮੁਹਾਲੀ/●1-●9-2●●9

ਵਿਸ਼ਾ:- ਸਬੰਧਕ ਐਫੀਲੀਏਟਿਡ ਸੰਸਥਾ ਵਿਖੇ ਕੰਮ ਕਰਦੇ ਟੀਚਿੰਗ ਸਟਾਫ ਨੂੰ ਐਫੀਲੀਏਸ਼ਨ ਵਿਨਿਯਮਾਂ ਅਨੁਸਾਰ ਬਣਦੀ ਤਨਖਾਹ ਦੀ ਅਦਾਇਗੀ ਕੇਵਲ " Account Payee's Cheque" ਰਾਹੀਂ ਕਰਨ ਬਾਰੇ।

********

ਉਪਰੋਕਤ ਵਿਸ਼ੇ ਸਬੰਧੀ ਸਿੱਖਿਆ ਵਿਭਾਗ, ਪੰਜਾਬ ਸਰਕਾਰ ਦੀਆਂ ਹਦਾਇਤਾਂ ਦੀ ਲੋਅ ਵਿੱਚ ਪਹਿਲਾਂ ਵੀ ਸਮੂਹ ਐਫੀਲੀਏਟਿਡ ਸੰਸਥਾਵਾਂ ਨੂੰ, ਇਸ ਦਫ਼ਤਰ ਵੱਲੋਂ ਪੱਤਰ ਨੰ: ਪਸਸਬ-ਐਫੀ: 2●●7/1236-3335 ਮਿਤੀ: ●7-●3-2●●7 ਅਤੇ ਪੱਤਰ ਨੰ: ਪਸਸਬ-ਐਫੀ: 2●●8/2●64-4653 ਮਿਤੀ: 29-●4-2●●8 ਜਾਰੀ ਕਰਕੇ ਹਦਾਇਤ ਕੀਤੀ ਗਈ ਸੀ ਕਿ ਸੰਸਥਾ ਐਫੀਲੀਏਸ਼ਨ ਵਿਨਿਯਮ 7(iii) ਅਨੁਸਾਰ ਆਪਣੇ ਟੀਚਿੰਗ ਸਟਾਫ ਦੇ ਹਰ ਵਰਗ ਨੂੰ ਸਰਕਾਰੀ ਸਕੇਲ ਦੀ ਮੁੱਢਲੀ ਤਨਖਾਹ ਦੇ ਬਰਾਬਰ ਦੀ ਤਨਖਾਹ ਦੀ ਅਦਾਇਗੀ ਕੇਵਲ Account Payee's Cheque ਰਾਹੀਂ ਹੀ ਕਰੇਗੀ।

ਜਿਲ੍ਹਾ ਗੁਰਦਾਸਪੁਰ ਨਾਲ ਸਬੰਧਤ ਕੁੱਝ ਐਫੀਲੀਏਟਿਡ ਸਕੂਲਾਂ ਵੱਲੋਂ ਆਪਣੇ ਸਟਾਫ ਨੂੰ ਐਫੀਲੀਏਸ਼ਨ ਵਿਨਿਯਮ 7(iii) ਅਧੀਨ ਜਾਰੀ ਕੀਤੀਆਂ ਹਦਾਇਤਾਂ ਦੀ ਲੋਅ ਵਿੱਚ ਬਣਦੀ ਤਨਖਾਹ ਦੀ ਅਦਾਇਗੀ ਨਾ ਕਰਨ ਕਰਕੇ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਵਿਖੇ ਕੋਰਟ ਕੇਸ, ਸੀ.ਡਬਲਿਯੂ.ਪੀ. ਨੰ: 8212 ਆਫ 2●●8 ਅਧੀਨ ਕੰਟੈਂਪਟ ਪਟੀਸ਼ਨ ਵਿਚਾਰ ਅਧੀਨ ਹੈ। ਇਸ ਕੇਸ ਵਿੱਚ ਮਾਨਯੋਗ ਹਾਈ ਕੋਰਟ ਵਲੋਂ ਮਿਤੀ 16-5-2●●8 ਨੂੰ ਦਿੱਤੇ ਗਏ ਅੰਤ੍ਰਿਮ ਆਦੇਸ਼ਾਂ ਰਾਹੀਂ ਸਕੂਲ ਵਿੱਚ ਕੰਮ ਕਰਦੇ ਟੀਚਿੰਗ ਸਟਾਫ ਨੂੰ ਐਫੀਲੀਏਸ਼ਨ ਵਿਨਿਯਮ 7(iii) ਅਨੁਸਾਰ ਸਰਕਾਰੀ ਗ੍ਰੇਡ ਦੀ ਮੁੱਢਲੀ ਤਨਖਾਹ ਦੇ ਬਰਾਬਰ ਤਨਖਾਹ ਕੇਵਲ Account Payee's Cheque ਰਾਹੀਂ ਦੇਣ ਦੇ ਹੁਕਮ ਕੀਤੇ ਸਨ।

ਇਨ੍ਹਾਂ ਹੁਕਮਾਂ ਦੀ ਲੋਅ ਵਿੱਚ ਹਦਾਇਤ ਕੀਤੀ ਜਾਂਦੀ ਹੈ ਕਿ ਹਰੇਕ ਐਫੀਲੀਏਟਿਡ ਸੰਸਥਾ ਇਸ ਪੱਤਰ ਦੇ ਜਾਰੀ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਪਹਿਲਾ ਦਰਜਾ ਮੈਜਿਸਟ੍ਰੇਟ ਤੋਂ ਤਸਦੀਕ ਸ਼ੁਦਾ ਐਫੀਡੈਵਿਟ (ਜਿਸ ਦਾ ਨਮੂਨਾ ਇਸ ਪੱਤਰ ਨਾਲ ਨੱਥੀ ਹੈ) ਦੇਵੇ ਕਿ ਸੰਸਥਾ ਆਪਣੇ ਟੀਚਿੰਗ ਸਟਾਫ ਨੂੰ ਐਫੀਲੀਏਸ਼ਨ ਵਿਨਿਯਮ 7(iii) ਅਧੀਨ ਹਰਵ ਰਗ ਦੇ ਸਰਕਾਰੀ ਸਕੇਲ ਦੀ ਘੱਟੋ-ਘੱਟ ਮੁੱਢਲੀ ਤਨਖਾਹ ਦੇ ਬਰਾਬਰ ਤਨਖਾਹ ਦੀ ਅਦਾਇਗੀ ਕੇਵਲ Account Payee's Cheque ਰਾਹੀਂ ਹੀ ਕਰ ਰਹੀ ਹੈ। ਨਿਰਧਾਰਤ ਸਮੇਂ ਦੇ ਅੰਦਰ-ਅੰਦਰ ਐਫੀਡੈਵਿਟ ਦਫਤਰ ਵਿਖੇ ਪ੍ਰਾਪਤ ਨਾ ਹੋਣ ਦੀ ਸੂਰਤ ਵਿੱਚ ਸੰਸਥਾ ਨੂੰ ਪ੍ਰਦਾਨ ਕੀਤੀ ਗਈ ਐਫੀਲੀਏਸ਼ਨ ਵਿਧੀ ਪੂਰਵਕ ਢੰਗ ਨਾਲ ਵਾਪਿਸ ਲੈ ਲਈ ਜਾਵੇਗੀ ਜਿਸਦੀ ਸਾਰੀ ਜਿੰਮੇਵਾਰੀ ਸੰਸਥਾ ਦੀ ਆਪਣੀ ਹੋਵੇਗੀ।

ਇਸ ਨੂੰ ਅਤਿ ਜਰੂਰੀ ਸਮਝਦੇ ਹੋਏ ਪਰਮ-ਅਗੇਤ ਦਿੱਤੀ ਜਾਵੇ।

ਇੰਚਾਰਜ (ਐਫੀਲੀਏਸ਼ਨ)
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।

# Affidavit

I___________________________S/O Sh._____________________________________

President/Secretary of ____________________________ do hereby solemnly affirm and

declare as under :-

1. That in compliance in the office letter No. PSEB-Affi/2007/ 1236-3335 dated 7.3.2007 this institution is paying the minimum of the basic pay of the scale of corresponding categories of the Government schools as per affiliation Regulation 7(iii) of Punjab School Education Board Regulations for Affiliation of Institutions, 1988.

2. That the minimum of the basic pay of the scale of the corresponding Institutions as incorporated in section 7 (iii) of Affiliation Regulations, 1988 is being paid to the teaching staff of our institution by way of "Account payees Cheque" as per the directions of the Hon'ble High Court passed on 16.05.2008 in C.W.P.No. 8212 of 2008.

Dated:
Place: Deponent

Verification:-

Verified that Contents of Para No. 1 & 2 of the above said affidavit are true and correct to the best of my knowledge and nothing has been kept concealed therein.

Dated:
Place: Deponent